# ਭਾਰਤ-ਮਾਲਦੀਵ ਦੇ ਵਿੱਚਕਾਰ ਉੱਚ ਪੱਧਰੀ ਕੋਰ ਗਰੁੱਪ ਦੀ ਚੌਥੀ ਬੈਠਕ

ਮਈ 03, 2024

ਭਾਰਤ-ਮਾਲਦੀਵ ਦੇ ਵਿੱਚਕਾਰ ਉੱਚ ਪੱਧਰੀ ਕੋਰ ਗਰੁੱਪ ਦੀ ਚੌਥੀ ਬੈਠਕ, 3 ਮਈ 2024 ਨੂੰ ਨਵੀਂ ਦਿੱਲੀ ਵਿੱਚ ਹੋਈ।

2. ਦੋਵੇਂ ਪਖਾਂ ਨੇ ਦੁਵੱਲੇ ਸਹਿਯੋਗ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਜਾਰੀ ਰੱਖੀ। ਇਸ ਵਿੱਚ ਰੱਖਿਆ ਸਹਿਯੋਗ, ਵਿਕਾਸ ਸਹਿਯੋਗ ਪ੍ਰੋਜੈਕਟ, ਦੁਵੱਲੇ ਵਪਾਰ ਅਤੇ ਨਿਵੇਸ਼ ਨੂੰ ਵਧਾਉਣ ਦੇ ਯਤਨ ਅਤੇ ਸਮਰੱਥਾ ਨਿਰਮਾਣ ਪਹਿਲਕਦਮੀਆਂ ਸ਼ਾਮਲ ਸਨ।

3. ਬੈਠਕ ਦੇ ਦੌਰਾਨ, ਦੋਵੇਂ ਧਿਰਾਂ ਨੇ ਮਾਲਦੀਵ ਦੇ ਲੋਕਾਂ ਨੂੰ ਮਾਨਵਤਾਵਾਦੀ ਅਤੇ ਮੇਡਵੈਕ ਸੇਵਾਵਾਂ ਪ੍ਰਦਾਨ ਕਰਨ ਵਾਲੇ ਭਾਰਤੀ ਹਵਾਬਾਜ਼ੀ ਪਲੇਟਫਾਰਮਾਂ ਦੇ ਨਿਰੰਤਰ ਸੰਚਾਲਨ ਨੂੰ ਸਮਰੱਥ ਬਣਾਉਣ ਲਈ ਚੱਲ ਰਹੇ ਯਤਨਾਂ ਦੀ ਵੀ ਸਮੀਖਿਆ ਕੀਤੀ।

4. ਉੱਚ ਪੱਧਰੀ ਕੋਰ ਗਰੁੱਪ ਦੀ ਅਗਲੀ ਬੈਠਕ ਆਪਸੀ ਸੁਵਿਧਾਜਨਕ ਮਿਤੀ 'ਤੇ, ਮਾਲੇ ਵਿੱਚ ਆਯੋਜਿਤ ਕਰਨ' ਤੇ ਸਹਿਮਤੀ ਬਣਾਈ ਗਈ।

**ਨਵੀਂ ਦਿੱਲੀ**
**ਮਈ 03, 2024**